# ਦਫਤਰ ਕਾਰਜਕਾਰੀ ਇੰਜੀਨੀਅਰ ਉਸਾਰੀ ਮੰਡਲ ਭਵਨ ਤੇ ਮਾਰਗ ਸ਼ਾਖਾ,ਮਾਲੇਰਕੋਟਲਾ।

ਟੈਲੀਫੋਨ ਨੰਬਰ-01675-253008
xenpwdmalerkotla@gmail.com

ਵੱਲ

ਸ੍ਰੀ ਮੁਹੰਮਦ ਉਵੈਸ ਪੁੱਤਰ ਸ੍ਰੀ ਅਬਦੁਲ ਰਾਊਫ,
ਡਾਇਰੈਕਟਰ ਸਟਾਰ ਇੰਮਪੈਕਟ ਪ੍ਰਾਈਵੇਟ ਲਿਮਟਿਡ,
ਵਾਸੀ ਲੁਧਿਆਣਾ ਰੋਡ ਮਾਲੇਰਕੋਟਲਾ,ਜਿਲਾ ਸੰਗਰੂਰ।

ਨੰਬਰ 2912 ਮਿਤੀ 17-09-2019

ਵਿਸ਼ਾ :- ਫੈਕਟਰੀ ਦੀ ਬਿਲਡਿੰਗ ਲਈ ਰਸਤੇ ਦਾ ਐਨ.ਓ.ਸੀ ਜਾਰੀ ਕਰਨ ਬਾਰੇ।

ਹਵਾਲਾ:- ਆਪ ਦਾ ਬਿਨੈਪੱਤਰ ਮਿਤੀ 15-03-2019

ਉਪਰੋਕਤ ਵਿਸ਼ੇ ਸਬੰਧੀ ਫੈਕਟਰੀ ਲਈ ਐਨ.ਓ.ਸੀ ਦੇ ਕੇਸ ਦੀ ਉਪ ਮੰਡਲ ਇੰਜੀਨੀਅਰ, ਉਸਾਰੀ ਉਪ ਮੰਡਲ ਨੰਬਰ 2 ਮਾਲੇਰਕੋਟਲਾ ਵੱਲੋ ਕੀਤੀ ਗਈ ਸਿਫਾਰਸ਼ ਨੂੰ ਮੱਦੇ ਨਜ਼ਰ ਰੱਖਦੇ ਹੋਏ ਮੈਸ:ਸਟਾਰ ਇੰਮਪੈਕਟ ਪ੍ਰਾਈਵੇਟ ਲਿਮਟਿਡ ਮਾਲੇਰਕੋਟਲਾ,ਜਿਲ੍ਹਾ ਸੰਗਰੂਰ ਲਈ ਹੇਠ ਲਿਖੀਆਂ ਸ਼ਰਤਾ ਅਨੁਸਾਰ ਐਨ.ਓ.ਸੀ ਜਾਰੀ ਕੀਤਾ ਜਾਂਦਾ ਹੈ:-

1. ਆਪ ਵੱਲੋਂ ਰਾਈਟ ਆਫ ਵੇ ਦੇ ਆਖੀਰ ਵਿੱਚ ਸਰਕਾਰੀ ਜਗ੍ਹਾਂ ਤੋ 30.00 ਮੀਟਰ ਛੱਡ ਕੇ ਬਿਲਡਿੰਗ/ਬਾਊਂਡਰੀ ਵਾਲ ਦੀ ਉਸਾਰੀ ਕੀਤੀ ਜਾਵੇਗੀ ਅਤੇ ਅਪਰੂਵਡ ਮਾਸਟਰ ਪਲਾਨ ਅਨੁਸਾਰ ਨਾਨ ਕੰਨਸਟਰਕਸ਼ਨ ਜੋਨ ਅਤੇ ਫਰੰਟ ਸੈਟ ਬੈਕ ਨੂੰ ਪੂਰੀ ਤਰ੍ਹਾਂ ਲਾਗੂ ਕੀਤਾ ਜਾਵੇ।
2. ਆਪ ਵੱਲੋ ਸੜਕ ਦੇ ਬਰਮ ਉਪਰ/ਰੋਡ ਦੀ ਰਾਖਵੀ ਜਗ੍ਹਾ ਤੇ ਕਿਸੇ ਵੀ ਤਰ੍ਹਾ ਦੀ ਪਾਰਕਿੰਗ ਆਦਿ ਨਾ ਕੀਤੀ ਜਾਵੇ।ਵਹੀਕਲ ਫੈਕਟਰੀ ਦੀ ਬਾਊਂਡਰੀ ਅੰਦਰ ਖੜੇ ਕੀਤੇ ਜਾਣਗੇ ਅਤੇ ਆਵਾਜਾਈ ਵਿੱਚ ਕੋਈ ਵਿਘਨ ਨਹੀ ਪੈਣ ਦਿੱਤਾ ਜਾਵੇਗਾ।
3. ਆਪ ਵੱਲੋ ਫੈਕਟਰੀ ਦੇ ਪਾਣੀ ਦੀ ਨਿਕਾਸੀ ਲਈ ਇੱਕ ਮੀਟਰ ਸਪੈਨ ਸਲੈਬ ਟਾਈਪ ਕਲਵਰਟ ਦੀ ਉਸਾਰੀ ਰਾਈਟ ਆਫ ਵੇਅ ਦੇ ਅਖੀਰ ਵਿੱਚ ਆਪਣੇ ਪੱਧਰ/ਖਰਚੇ ਤੇ ਕੀਤੀ ਜਾਵੇਗੀ।
4. ਆਪ ਨੂੰ ਪੰਜਾਬ ਸਰਕਾਰ ਆਈ.ਆਰ.ਸੀ ਪੁੱਡਾ ਅਤੇ ਲੋਕ ਨਿਰਮਾਣ ਵਿਭਾਗ ਦੀਆ ਮੌਜੂਦਾ ਅਤੇ ਸਮੇ ਸਮੇ ਸਿਰ ਜਾਰੀ ਹਦਾਇਤਾਂ ਦੀ ਪਾਲਣਾ ਕਰਨੀ ਹੋਵੇਗੀ।
5. ਫੈਕਟਰੀ ਦਾ ਪਾਣੀ ਜਾਂ ਕੂੜਾ ਕਰਕਟ ਆਦਿ ਸੜਕ ਤੇ ਜਾਂ ਸੜਕ ਦੀਆ ਬਰਮਾਂ ਤੇ ਨਹੀ ਸੁੱਟਿਆ ਜਾਵੇਗਾ।
6. ਸਰਕਾਰ ਵੱਲੋ ਵਰਤਮਾਨ ਜਾਂ ਭਵਿੱਖ ਵਿੱਚ ਜਦੋਂ ਵੀ ਸੜਕ ਦੀ ਇੰਪਰੂਵਮੈਂਟ/ਵਾਇਡਨਿੰਗ ਲਈ ਜੋ ਵੀ ਜ਼ਮੀਨ ਸੜਕ ਦੀ ਉਸਾਰੀ ਲਈ ਲੋੜੀਂਦੀ ਹੋਵੇਗੀ,ਉਸ ਜਗ੍ਹਾ ਉਪਰ ਪਹਿਲਾ ਕੀਤੀ ਉਸਾਰੀ (ਕੱਚੀ/ਪੱਕੀ ਦੀ)ਆਪ ਵੱਲੋ ਆਪਣੇ ਖਰਚੇ ਅਤੇ ਆਪਣੇ ਪੱਧਰ ਤੇ ਢੁਆਈ ਕਰਵਾਈ ਜਾਵੇਗੀ ਅਤੇ ਇਸ ਸਬੰਧੀ ਹੋਏ ਨੁਕਸਾਨ ਦਾ ਆਪ ਵੱਲੋ ਕੋਈ ਕਲੇਮ ਨਹੀ ਕੀਤਾ ਜਾਵੇਗਾ ਅਤੇ ਆਪ ਸੜਕ ਦੀ ਇੰਪਰੂਵਮੈਂਟ/ਵਾਇਡਨਿੰਗ ਲਈ ਜਗ੍ਹਾ ਦੇਣ ਲਈ ਪਾਬੰਧ ਹੋਵੋਗੇ।
7. ਆਪ ਵੱਲੋ ਇਸ ਐਨ.ਓ.ਸੀ ਦੀ ਪ੍ਰਵੀਜਨਲ ਪ੍ਰਵਾਨਗੀ ਨਾਲ ਦੇਸ/ਪ੍ਰਾਂਤ ਦੇ ਲਾਗੂ ਕਿਸੇ ਵੀ ਐਕਟ/ਰੂਲਜ/ਰੈਗੂਲੇਸਨ ਵਿੱਚ ਕਿਸੇ ਕਿਸਮ ਦੀ ਛੋਟ ਨਹੀ ਹੋਵੇਗੀ।
8. ਆਪ ਵੱਲੋਂ ਵਿਸ਼ੇ ਅਧੀਨ ਜਮੀਨ ਵਿੱਚੋ ਲੰਘਦੇ ਕਿਸੇ ਵੀ ਤਰ੍ਹਾ ਦੇ ਕੁਦਰਤੀ ਡਰੇਨੇਜ ਆਦਿ ਵਿੱਚ ਕਿਸੇ ਤਰ੍ਹਾਂ ਦੀ ਕੋਈ ਰੁਕਾਵਟ ਨਹੀ ਪਾਈ ਜਾਵੇਗੀ।
9. ਇਸ ਵਿਭਾਗ ਦਾ ਸਬੰਧ ਕੇਵਲ ਸੜਕ ਤੋ ਫੈਕਟਰੀ ਨੂੰ ਰਸਤਾ ਦੇਣ ਲਈ ਪ੍ਰਵੀਜਨਲ ਐਨ.ਓ.ਸੀ ਦੇਣ ਤੱਕ ਹੀ ਸੀਮਿਤ ਹੈ ਅਤੇ ਦੂਜੇ ਵਿਭਾਗ,ਪੁੱਡਾ ਵਿਭਾਗ,ਫਾਇਰ ਸੇਫਟੀ ਵਿਭਾਗ ਅਤੇ ਹੋਰ ਸਬੰਧਤ ਵਿਭਾਗਾਂ ਪਾਸੋ ਲੋੜੀਂਦੀ ਮੰਨਜੂਰੀ ਆਪ ਵੱਲੋ ਵੱਖਰੇ ਤੌਰ ਤੇ ਪ੍ਰਾਪਤ ਕੀਤੀ ਜਾਵੇਗੀ।
10. ਸਰਕਾਰ ਦੀਆਂ ਨਵੀਆਂ ਹਦਾਇਤਾ ਅਨੁਸਾਰ ਇਹ ਐਨ.ਓ.ਸੀ ਹਰ 5 ਸਾਲ ਬਾਅਦ ਰੀਨਿਊ ਕਰਨ ਯੋਗ ਹੋਵੇਗਾ।
11. ਇਸ ਤੋ ਇਲਾਵਾ ਜੇਕਰ ਸਰਕਾਰ ਵੱਲੋ ਸਮੇਂ-ਸਮੇਂ ਤੇ ਫੀਸਾ ਵਧਾਈਆਂ ਜਾਣਗੀਆਂ ਤਾਂ ਆਪ ਉਹਨਾਂ ਫੀਸਾ ਨੂੰ ਜਮਾਂ ਕਰਵਾਉਣ ਦੇ ਪਾਬੰਦ ਹੋਵੋਗੇ।ਵਧੀ ਹੋਈ ਫੀਸ ਜਮ੍ਹਾਂ ਨਾ ਕਰਵਾਉਣ ਦੀ ਸੂਰਤ ਵਿੱਚ ਜਾਰੀ ਕੀਤਾ ਐਨ.ਓ.ਸੀ ਰੱਦ ਸਮਝਿਆ ਜਾਵੇਗਾ।
12. ਜੇਕਰ ਭਵਿੱਖ ਵਿੱਚ ਸੜਕ ਨੈਸ਼ਨਲ ਹਾਈਵੇ ਘੋਸ਼ਿਤ ਹੋ ਜਾਂਦੀ ਹੈ ਤਾਂ ਆਪ ਨੈਸ਼ਨਲ ਹਾਈਵੇ ਦੀਆ ਗਾਈਡਲਾਈਨਜ ਦੀ ਪਾਲਣਾ ਕਰਨ ਦੇ ਪਾਬੰਧ ਹੋਵੋਗੇ।
13. ਆਪ ਵੱਲੋ ਸੜਕ ਉਪਰ ਕੋਈ ਅਜਿਹੇ ਬੋਰਡ ਜਾਂ ਹੋਰਡਿੰਗ ਨਹੀ ਲਗਾਏ ਜਾਣਗੇ ਜਿਹੜੇ ਮਾਨਯੋਗ ਸੁਪਰੀਮ ਕੋਰਟ ਅਤੇ ਮਾਨਯੋਗ ਹਾਈ ਕੋਰਟ ਦੀਆ ਹਦਾਇਤਾ ਦੀ ਉਲੰਘਣਾਂ ਕਰਦੇ ਹੋਣ।
14. ਆਪ ਵੱਲੋ ਸੜਕ ਦੀ ਆਵਾਜਾਈ ਦੀ ਸੇਫਟੀ ਹਿੱਤ ਲੋੜੀਂਦੇ ਕਾਸ਼ਨਰੀ ਬੋਰਡ ਲਗਾਏ ਜਾਣਗੇ।
15. ਇਹ ਮੰਨਜ਼ੂਰੀ ਕਿਸੇ ਕਿਸਮ ਦੀ ਸਟੇਅ ਜਾਂ ਕੋਰਟ ਕੇਸ ਹੋਣ ਸਬੰਧੀ ਰੱਦ ਸਮਝੀ ਜਾਵੇਗੀ।
16. ਮਾਲੇਰਕੋਟਲਾ-ਰਾਏਕੋਟ ਸ਼ਡਿਊਲ ਰੋਡ ਹੋਣ ਕਾਰਨ ਆਪ ਸ਼ਡਿਊਲ ਰੋਡ ਦੀਆਂ ਸਾਰੀਆਂ ਸ਼ਰਤਾਂ ਦੀ ਪਾਲਣਾ ਕਰਨ ਦੇ ਪਾਬੰਦ ਹੋਵੋਗੇ।

ਨੋਟ:- ਉਪਰੋਕਤ ਤੋ ਇਲਾਵਾ ਸਮੇਂ ਸਮੇਂ ਸਿਰ ਜਾਰੀ ਹਦਾਇਤਾ/ਸ਼ਰਤਾ ਦੀ ਪਾਲਣਾ ਲਈ ਆਪ ਜਿੰਮੇਵਾਰ ਹੋਵੋਗੇ ਅਤੇ ਜੇਕਰ ਉਕਤ ਲਿਖੀਆ ਹਦਾਇਤਾ/ਸ਼ਰਤਾ ਦੀ ਆਪ ਵੱਲੋ ਉਲੰਘਣਾ ਕੀਤੀ ਗਈ ਤਾਂ ਮਹਿਕਮੇਂ ਵੱਲੋ ਜਾਰੀ ਕੀਤਾ ਐਨ.ਓ.ਸੀ ਬਿਨਾਂ ਨੋਟਿਸ ਦਿੱਤੇ ਰੱਦ ਕਰ ਦਿੱਤਾ ਜਾਵੇਗਾ।

ਨੱਥੀ/ਨਕਸ਼ਾ

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ ਲੋਕ ਨਿਰਮਾਣ ਵਿਭਾਗ,
ਭਵਨ ਤੇ ਮਾਰਗ ਸ਼ਾਖਾ,ਮਾਲੇਰਕੋਟਲਾ।

ਪਿੱਠ ਅੰਕਣ ਨੰਬਰ 2913-14 ਮਿਤੀ

ਉਪਰੋਕਤ ਦਾ ਉਤਾਰਾ ਪ੍ਰੋਜੈਕਟ ਡਾਇਰੈਕਟਰ (ਪੀ.ਆਰ.ਬੀ.ਡੀ.ਬੀ) ਐਸ.ਸੀ.ਓ ਨੰਬਰ-61-62,ਫੇਜ-2 ਨੂੰ ਡੀ.ਡੀ ਨੰਬਰ-000777 ਮਿਤੀ 06.08.2019 ਰਾਹੀ ਬਾਬਤ ਰਕਮ 1,50,000/-ਰੁਪਏ ਦਾ ਸੂਚਨਾਂ ਅਤੇ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ ਜੀ।

ਨੱਥੀ/1 ਨੰਬਰ ਅਸਲ ਡਰਾਫਟ

ਉਪਰੋਕਤ ਦਾ ਉਤਾਰਾ ਉਪ ਮੰਡਲ ਇੰਜੀਨੀਅਰ,ਉਸਾਰੀ ਉਪ ਮੰਡਲ ਨੰਬਰ-2 ਮਾਲੇਰਕੋਟਲਾ ਨੂੰ ਉਨ੍ਹਾਂ ਦੇ ਪੱਤਰ ਨੰਬਰ-186 ਮਿਤੀ 06-09-2019 ਦੇ ਸਬੰਧ ਵਿਚ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ ਲੋਕ ਨਿਰਮਾਣ ਵਿਭਾਗ,
ਭਵਨ ਤੇ ਮਾਰਗ ਸ਼ਾਖਾ,ਮਾਲੇਰਕੋਟਲਾ।

For. STAR IMPACT PVT. LTD.

Authorised Signatory